BCM SCHOOL BASANT AVENUE DUGRI ROAD, LUDHIANA

Class Vlll
Subject Punjabi (004).

| | | |
|---|---|---|
| ਪ੍ਰਸ਼ਨ 1 | ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ—<br>ਇਨਸਾਨੀ ਵਿਕਾਸ ਵਿੱਚ ਦੁੱਖ ਦੀ ਬੜੀ ਮਹੱਤਤਾ ਹੈ। ਦੁੱਖ ਇੱਕ ਐਸਾ ਚੌਂਕੀਦਾਰ ਹੈ, ਜੋ ਅਕਲ ਨੂੰ ਸੌਣ ਨਹੀਂ ਦਿੰਦਾ, ਜਗਾਈ ਰੱਖਦਾ ਹੈ। 'ਅਗਿਆਨਤਾ' ਰੋਗ ਦਾ ਦਾਰੂ, ਦੁੱਖ ਹੀ ਹੈ। ਜੇ ਦੁੱਖ ਨਾ ਹੁੰਦਾ, ਤਾਂ ਇਨਸਾਨ ਦਾ ਵਿਕਾਸ ਬੰਦ ਹੋ ਜਾਂਦਾ। 'ਰੰਗ ਲਾਤੀ ਹੈ ਹਿਨ੍ਹਾ ਪੱਥਰ ਪੇ ਘਿਸ ਜਾਨੇ ਕੇ ਬਾਅਦ, ਸੁਰਖ਼ੁਰੂ ਹੋਤਾ ਹੈ ਇਨਸਾਨ ਠੋਕਰੇਂ ਖਾਨੇ ਕੇ ਬਾਅਦ।' ਜੋ ਇਨਸਾਨ ਉੱਚੀ ਮੰਜ਼ਲ 'ਤੇ ਪਹੁੰਚ ਜਾਂਦੇ ਹਨ, ਉਹਨਾਂ ਲਈ ਦੁੱਖ ਦਾ ਖਾਤਮਾ ਹੋ ਜਾਂਦਾ ਹੈ।<br>1.ਮਨੁੱਖ ਦੇ ਵਿਕਾਸ ਵਿੱਚ ਕਿਹੜੀ ਚੀਜ਼ ਦਾ ਜ਼ਿਆਦਾ ਮਹੱਤਵ ਹੈ?<br>A.ਚੈਨ ਦਾ B.ਸੁੱਖ ਦਾ C.ਅਰਾਮ ਦਾ D. ਦੁੱਖ ਦਾ<br>2.ਦੁੱਖ ਕਿਹੜੇ ਰੋਗ ਦੀ ਦਵਾਈ ਅਖਵਾਉਂਦਾ ਹੈ?<br>A.ਅਗਿਆਨਤਾ ਦੀ B.ਬੁਖਾਰ ਦੀ C.ਗਿਆਨ ਦੀ D. ਤਪਦਿਕ ਦੀ<br>3.ਪੈਰ੍ਹੇ ਅਨੁਸਾਰ ਦੁੱਖ ਨੂੰ "ਚੌਂਕੀਦਾਰ" ਕਿਉਂ"ਕਿਹਾ ਗਿਆ ਹੈ?<br>A. ਕਿਉਂਕਿ ਇਹ ਮਨੁੱਖ ਨੂੰ ਸੌਣ ਦਿੰਦਾ ਹੈ<br>B. ਕਿਉਂਕਿ ਇਹ ਅਕਲ ਨੂੰ ਜਗਾਈ ਰੱਖਦਾ ਹੈ<br>C. ਕਿਉਂਕਿ ਇਹ ਖੁਸ਼ੀ ਦਿੰਦਾ ਹੈ<br>D. ਕਿਉਂਕਿ ਇਹ ਸਰੀਰ ਨੂੰ ਮਜ਼ਬੂਤ ਕਰਦਾ ਹੈ | |
| ਪ੍ਰਸ਼ਨ 2. | ਵਿਆਕਰਨ<br>1. ਯੋਜਕ ਕਿਸ ਨੂੰ ਆਖਦੇ ਹਨ ?<br>2. ਰਚਿਤ ਸ਼ਬਦ ਕਿਸ ਨੂੰ ਕਹਿੰਦੇ ਹਨ?<br>3. ਜੋ ਪਾਠ ਬਿਨਾਂ ਰੁਕੇ ਲਗਾਤਾਰ ਚੱਲੇ। ਵਾਕ ਲਈ ਇੱਕ ਸ਼ਬਦ ਚੁਣੋ ?<br>A ਸਹਿਜ ਪਾਠ B ਅਖੰਡ- ਪਾਠ C ਗੁਰਮੁਖੀ D ਇਹਨਾਂ ਵਿੱਚੋਂ ਕੋਈ ਵੀ ਨਹੀਂ<br>4. ਜਿਸ ਦੇ ਔਲਾਦ ਨਾ ਹੋਵੇ। ਵਾਕ ਲਈ ਇੱਕ ਸ਼ਬਦ ਚੁਣੋ ?<br>A ਸੌਂਤਰਾ B ਔਂਤਰਾ C ਸਾਹੂਕਾਰ D ਇਹਨਾਂ ਵਿੱਚੋਂ ਕੋਈ ਵੀ ਨਹੀਂ।<br>5. ਸਾਡੇ ਘਰ ਇੱਕ ਸਾਧੂ ਆਇਆ ਹੈ।ਵਾਕ ਵਿੱਚ ਸਾਧੂ ਸ਼ਬਦ ਦਾ ਵਿਰੋਧੀ ਸ਼ਬਦ ਲਿਖ ਕੇ ਵਾਕ ਦੁਬਾਰਾ ਲਿਖੋ। | |
| ਪ੍ਰਸ਼ਨ 3 | ਆਪਣੇ ਛੋਟੇ ਭਰਾ ਨੂੰ ਇੱਕ ਚਿੱਠੀ ਲਿਖੋ, ਜਿਸ ਵਿੱਚ ਉਸਨੂੰ ਖੇਡਾਂ ਵਿੱਚ ਭਾਗ ਲੈਣ ਦੇ ਲਾਭ ਦੱਸਦੇ ਹੋਏ, ਉਸ ਨੂੰ ਖੇਡਾਂ ਵਿੱਚ ਦਿਲਚਸਪੀ ਲੈਣ ਦੀ ਪ੍ਰੇਰਨਾ ਦਿਓ। | |
| ਪ੍ਰਸ਼ਨ 4 | 1. ਨੇਕ ਚੰਦ ਜੀ ਦਾ ਰਾਕ ਗਾਰਡਨ ਬਣਾਉਣ ਪਿੱਛੇ ਸੰਘਰਸ਼ ਲਿਖੋ?<br>2. ਮਿੱਕੀ ਨੇ 50 ਰੁਪਇਆਂ ਦਾ ਕੀ ਕੀਤਾ ? | |
| ਪ੍ਰਸ਼ਨ 5 | 'ਮਿੱਕੀ ਦਾ ਜਨਮ ਦਿਨ ਨਾ ਮਨਾਉਣ ਬਾਰੇ ਉਸ ਦੇ ਮਾਤਾ- ਪਿਤਾ ਉਸ ਨੂੰ ਕਿਸ ਤਰ੍ਹਾਂ ਸਮਝਾਉਂਦੇ ਹਨ, ਆਪਣੇ ਸ਼ਬਦਾਂ ਵਿੱਚ ਲਿਖੋ ? | |

| | | |
|---|---|---|
| ਪ੍ਰਸ਼ਨ 6 | 1.ਸ਼ਬਦ ਅਰਥ -ਅਦਭੁੱਤ, ਵਾਰ<br>2. ਵਿਰੋਧੀ ਸ਼ਬਦ ਲਿਖੋ – ਸਖ਼ਤ, ਸਨਮਾਨ<br>3. ਅੰਗਰੇਜ਼ੀ ਵਿੱਚ ਅਨੁਵਾਦ ਕਰੋ- ਦਵਾਈ<br>4. ਵਾਕ ਬਣਾਓ- ਪੈਰ ਧਰਨਾ,ਪ੍ਰਸ਼ਾਸਨ | |